# 1857 ਦੇ ਗ਼ਦਰ ਵਿਚ ਪੰਜਾਬ ਦਾ ਰੋਲ

ਹਿੰਦੁਸਤਾਨ ਦੀ ਪਹਿਲੀ ਜੰਗੇ ਆਜ਼ਾਦੀ ਵਿਚ ਪੰਜਾਬ ਦੇ ਲੋਕਾਂ ਨੇ ਵੱਧ ਚੜ੍ਹ ਕੇ ਹਿਸਾ ਪਾਇਆ। ਪੰਜਾਬ ਵਿਚ ਵੱਡੇ ਪੱਧਰ ਤੇ ਬਗ਼ਾਵਤਾਂ ਹੋਈਆਂ ਅਤੇ ਜਲਦੀ ਹੀ ਬਗਾਵਤ ਦੀ ਇਹ ਅੱਗ ਪੰਜਾਬ ਦੀਆਂ ਸਾਰੀਆਂ ਫ਼ੌਜੀ ਛਾਉਣੀਆਂ ਵਿਚ ਫੈਲ ਗਈ। 9 ਮਈ 1857 ਤੋਂ ਬਗ਼ਾਵਤ ਸ਼ੁਰੂ ਹੋ ਗਈ। 23 ਮਈ ਨੂੰ ਫਿਰ ਬਗ਼ਾਵਤ ਹੋਈ। 8 ਜੂਨ ਨੂੰ ਜਲੰਧਰ ਵਿਚ ਇਕ ਹੋਰ ਬਗ਼ਾਵਤ ਹੋਈ। ਇਸ ਤੋਂ ਪਿਛੋਂ ਸਿਆਲਕੋਟ, ਫਿਲੌਰ, ਨੂਰਪੁਰ, ਨਸੀਰਾਬਾਦ, ਫਿਰੋਜ਼ਪੁਰ, ਨੌਸ਼ਿਹਰਾ, ਅੰਬਾਲਾ, ਮਿਰਜ਼ਾ ਪੁਰ, ਸ਼ਿਮਲਾ, ਡੇਰਾ ਗ਼ਾਜ਼ੀ ਖਾਨ, ਹਜ਼ਾਰਾ, ਡੇਰਾ ਇਸਮਾਈਲ ਖਾਨ, ਐਬਟਾਬਾਦ, ਬੰਨੂ, ਕੋਹਾਟ, ਪਿਸ਼ੌਰ, ਮੁਲਤਾਨ, ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਰਾਵਲਪਿੰਡੀ ਆਦਿ ਥਾਂਵਾਂ ਤੇ ਬਗ਼ਾਵਤਾਂ ਹੋਈਆਂ। ਪੰਜਾਬ ਵਿਚ ਹੋਈਆਂ ਬਗ਼ਾਵਤਾਂ ਤੋਂ ਬਰਤਾਨਵੀ ਇੰਨੇ ਖ਼ੌਫ਼ਜ਼ਦਾ ਹੋਏ ਕਿ ਉਨ੍ਹਾਂ ਨੇ ਵੱਖ ਵੱਖ ਰਜਮੈਂਟਾਂ ਅਤੇ ਫੌਜੀ ਛਾਉਣੀਆਂ ਤੋਂ ਹਥਿਆਰ ਵਾਪਸ ਲੈ ਲਏ ਅਤੇ ਆਪਣੇ ਝੋਲੀ ਚੁੱਕ ਰਾਜਿਆਂ-ਮਹਾਰਾਜਿਆਂ ਤੇ ਹੋਰਨਾਂ ਨੂੰ, ਜੋ ਪਹਿਲਾਂ ਲੋਕਾਂ ਹੱਥੋਂ ਹਾਰ ਖਾ ਚੁੱਕੇ ਸਨ, ਲੋਕਾਂ ਦਾ ਕਤਲੇਆਮ ਕਰਨ ਲਈ ਹਦਾਇਤਾਂ ਦਿੱਤੀਆਂ। ਇਨ੍ਹਾਂ ਗੱਦਾਰ ਝੋਲੀਚੁੱਕਾਂ ਵਿਚੋਂ ਇਕ ਕਸ਼ਮੀਰੀ ਪੰਡਿਤ ਗੰਗਾਧਰ ਵੀ ਸੀ ਜੋ ਰਾਜੀਵ ਗਾਂਧੀ ਦੇ ਪੜਨਾਨੇ ਦਾ ਪਿਉ ਲਗਦਾ ਸੀ। ਇਨ੍ਹਾਂ ਗੱਦਾਰ ਮਹਾਰਾਜਿਆਂ ਵਿਚੋਂ ਇਕ ਜੀਂਦ ਦਾ ਰਾਜਾ ਸੀ ਜੋ ਕੂਕਾ ਲਹਿਰ ਦੇ ਦੇਸ਼-ਭਗਤਾਂ ਨੂੰ ਵਹਿਸ਼ੀ ਢੰਗ ਨਾਲ ਕੁਚਲਣ ਤੇ ਕਤਲ ਕਰਨ ਦਾ ਜ਼ੁੰਮੇਵਾਰ ਸੀ, ਕੂਕੇ ਜੋ ਕਿ ਸਿਖ ਧਰਮ ਨਾਲ ਸਬੰਧ ਰੱਖਦੇ ਸਨ ਅਤੇ ਬਰਤਾਨਵੀ ਬਸਤੀਵਾਦੀਆਂ ਦੇ ਖ਼ਿਲਾਫ਼ ਬਗਾਵਤ ਦਾ ਝੰਡਾ ਉੱਚਾ ਕਰਨ ਵਾਲਿਆਂ ਪਹਿਲਿਆਂ ਵਿਚੋਂ ਇਕ ਸਨ। ਬਸਤੀਵਾਦ ਵਿਰੋਧੀ ਘੋਲ ਦਾ ਇਤਿਹਾਸ ਲੋਕਾਂ ਨਾਲ ਭਰਿਆ ਪਿਆ ਹੈ ਜੋ ਹਰ ਧਰਮ ਅਤੇ ਹਰ ਇਲਾਕੇ ਵਿਚੋਂ ਆਏ ਅਤੇ ਦੇਸ਼ ਦੀ ਮੁਕਤੀ ਵਾਸਤੇ ਜਾਨਾਂ ਵਾਰ ਗਏ।

ਪੰਜਾਬ ਵਿਚ ਸਿਰਫ਼ ਫੌਜੀ ਛਾਉਣੀਆਂ ਵਿਚ ਹੀ ਬਗਾਵਤਾਂ ਨਹੀਂ ਹੋਇਆਂ। ਨੀਲੀਬਾਰ ਦੇ ਇਲਾਕੇ ਦੇ ਅਹਿਮਦ ਖਾਨ ਖਰਲ ਨੇ ਪੰਜਾਬ ਦੇ ਸਤਲੁਜ, ਰਾਵੀ ਤੇ ਚਨਾਬ ਦਰਿਆਵਾਂ ਦੇ ਵਿਚ ਪੈਂਦੇ ਇਲਾਕਿਆਂ ਗੰਜੀ ਬਾਰ, ਨੀਲੀਬਾਰ ਅਤੇ ਸਾਂਦਲ ਬਾਰ ਵਿਚ ਵਿਦਰੋਹ ਦੀ ਅਗਵਾਈ ਕੀਤੀ ਅਤੇ ਗੁਗੇਰਾ ਸੈਂਟਰਲ ਜੇਹਲ ਉੱਤੇ ਹਮਲਾ ਬੋਲ ਕੇ ਪਹਿਲੀ ਜੰਗੇ ਆਜ਼ਾਦੀ ਵਿਚ ਹਿਸਾ ਲੈਣ ਕਰਕੇ ਉਥੇ ਕੈਦ ਕੀਤੇ ਗਏ ਆਜ਼ਾਦੀ ਦੇ ਯੋਧਿਆਂ ਨੂੰ ਛਡਵਾਇਆ। ਫਿਰ ਇਨ੍ਹਾਂ ਦੇਸ਼ ਭਗਤਾਂ ਨੇ ਅਹਿਮਦ ਖਰਲ ਦੀ ਅਗਵਾਈ ਹੇਠ ਇਸ ਖ਼ਿੱਤੇ ਦੇ ਇਕ ਵੱਡੇ ਹਿਸੇ ਨੂੰ ਅੰਗਰੇਜ਼ਾਂ ਹੱਥੋਂ ਆਜ਼ਾਦ ਕਰਾ ਕੇ ਕਈ ਮਹੀਨੇ ਆਪਣੇ ਕਬਜ਼ੇ ਵਿਚ ਰੱਖਿਆ। ਅਹਿਮਦ ਖਰਲ ਨੇ ਬਾਰ ਦੇ ਕਬੀਲਿਆਂ ਨੂੰ ਵੀ ਬਰਤਾਨਵੀ ਰਾਜ ਦੇ ਖ਼ਿਲਾਫ਼ ਲੜਨ ਲਈ ਇਕੱਠੇ ਕੀਤਾ ਤੇ ਆਪਣੇ ਮਾਦਰੇ ਵਤਨ ਦੀ ਰਾਖੀ ਕਰਦਾ ਹੋਇਆ ਇਹ ਦੇਸ਼ ਭਗਤ ਆਖਰਕਾਰ ਅੰਗਰੇਜ਼ਾਂ ਨਾਲ ਇਕ ਲੜਾਈ ਵਿਚ ਮਾਰਿਆ ਗਿਆ।

ਇਸੇ ਤਰ੍ਹਾਂ ਬਾਬਾ ਰਾਮ ਸਿੰਘ ਦੀ ਚਲਾਈ ਹੋਈ ਨਾ-ਮਿਲਵਰਤਣ ਲਹਿਰ ਰਾਹੀਂ ਵੀ ਪੰਜਾਬੀਆਂ ਨੇ ਅੰਗਰੇਜ਼ ਦੇ ਖ਼ਿਲਾਫ਼ ਸਖ਼ਤ ਜਦੋਜਹਿਦ ਕੀਤੀ। ਬਾਬਾ ਰਾਮ ਸਿੰਘ ਨੇ ਅੰਗਰੇਜ਼ੀ ਰਾਜ ਦੇ ਅਦਾਰਿਆਂ ਦਾ ਬਾਈਕਾਟ ਕਰਕੇ ਆਪਣੇ ਅਦਾਰੇ ਕਾਇਮ ਕੀਤੇ। ਇਸ ਲਹਿਰ ਨੂੰ ਦਬਾਉਣ ਲਈ ਵੀ ਅੰਗਰੇਜ਼ਾਂ ਨੇ ਅੰਤਾਂ ਦਾ ਜ਼ੁਲਮ ਕੀਤਾ ਤੇ ਬਾਬਾ ਰਾਮ ਸਿੰਘ ਤੇ ਉਸਦੇ ਅਨੇਕਾਂ ਸਾਥੀਆਂ ਨੂੰ ਤੋਪਾਂ ਮੂਹਰੇ ਬੰਨ੍ਹ ਕੇ ਉਡਾ ਦਿੱਤਾ।

ਆਪਣੀ "ਪਾੜੋ ਤੇ ਰਾਜ ਕਰੋ" ਦੀ ਪਾਲਸੀ ਤੇ ਚਲਦੇ ਹੋਏ ਬਰਤਾਨਵੀ ਬਸਤੀਵਾਦ ਨੇ ਲੋਕਾਂ ਨੂੰ ਆਪਸ ਵਿਚ ਵੰਡ ਕੇ ਰੱਖਣ ਦੀ ਪਹਿਲਾਂ ਹੀ ਪੱਕੀ ਠਾਣ ਲਈ ਹੋਈ ਸੀ। ਇਸ ਨੀਤੀ ਬਾਰੇ ਸਰ ਜਾਹਨ ਮੈਲਕਮ ਨੇ ਪਾਰਲੀਮੈਂਟ ਵਿਚ ਐਲਾਨ ਕੀਤਾ ਸੀ, "ਸਾਡੀ ਸਲਤਨਤ ਦੇ ਪਸਾਰੇ ਦੇ ਮੌਜੂਦਾ ਹਾਲਤਾਂ ਵਿਚ ਸਾਡੇ ਵਲੋਂ ਸਥਾਪਤ ਕੀਤੀ ਗਈ ਇਕ ਖਾਸ ਕਿਸਮ ਦੀ ਸਟੇਟ ਪਾਵਰ ਨੂੰ ਕਾਇਮ ਰੱਖਣਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਸਾਡੀ ਹਕੂਮਤ ਹੇਠ ਲੋਕਾਂ ਨੂੰ ਵੰਡ ਕੇ ਰੱਖਿਆ ਜਾਵੇ ਅਤੇ ਅੱਗੋਂ ਹੋਰ ਜਾਤਾਂ ਤੇ ਉਪ-ਜਾਤਾਂ ਵਿਚ ਵੰਡਿਆ ਜਾਵੇ। ਜਿੰਨਾਂ ਚਿਰ ਇਹ ਵੰਡੇ ਰਹਿਣਗੇ ਕੋਈ ਵੀ ਬਗਾਵਤ ਸਾਡੀ ਸਤਾ ਨੂੰ ਹਿਲਾ ਨਹੀਂ ਸਕੇਗੀ"। 25 ਮਈ 1821 ਦੇ ``ਏਸ਼ੀਆਟਿਕ ਰੀਵਿਊ` ਵਿਚ ਇਕ ਬਰਤਾਨਵੀ ਲਿਖਾਰੀ ਕਰਨਾਟੀਕਸ ਨੇ ਲਿਖਿਆ ਸੀ, " ਪਾੜੋ ਤੇ ਰਾਜ ਕਰੋ ਸਾਡੇ ਹਿੰਦੁਸਤਾਨੀ ਰਾਜ ਦਾ ਸਿਧਾਂਤ ਹੋਣਾ ਚਾਹੀਦਾ ਹੈ, ਚਾਹੇ ਇਹ ਗੱਲ ਸਿਵਲ ਹੋਵੇ, ਸਿਆਸੀ ਹੋਵੇ ਜਾਂ ਫੌਜੀ ਹੋਵੇ।" ਮੁਰਾਦਾਬਾਦ ਦੇ ਕਮਾਂਡਰ ਲੈਫਟੀਨੈਂਟ ਕੂਕ ਨੇ ਵੀ ਇਹੋ ਜਿਹੇ ਹੀ ਵਿਚਾਰ ਪੇਸ਼ ਕੀਤੇ, "ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਵੱਖ ਵੱਖ ਧਰਮਾਂ ਤੇ ਨਸਲਾਂ ਵਿਚ ਜੋ ਫਰਕ ਹੈ ਉਹਨੂੰ ਪੂਰੇ ਜ਼ੋਰ ਨਾਲ ਕਾਇਮ ਰੱਖੀਏ ਤੇ ਉਨ੍ਹਾਂ ਨੂੰ ਇਕ ਨਾ ਹੋਣ ਦੇਈਏ। ਪਾੜੋ ਤੇ ਰਾਜ ਕਰੋ ਹਿੰਦੁਸਤਾਨੀ ਹਕੂਮਤ ਦਾ ਅਸੂਲ ਹੋਣਾ ਚਾਹੀਦਾ ਹੈ।" ਸਰ ਜੌਨ ਸਟਰੈਚੀ ਕਹਿੰਦਾ ਹੈ, "ਸਚਾਈ ਸਾਫ਼ ਤੌਰ ਤੇ ਇਹ ਹੈ ਕਿ ਆਪਸ ਵਿਚ ਦੁਸ਼ਮਣੀ ਭਰੇ ਇਨ੍ਹਾਂ ਮਜ਼੍ਹਬਾਂ ਦੀ ਹੋਂਦ, ਹਿੰਦੁਸਤਾਨ ਵਿਚ ਸਾਡੀ ਸਿਆਸੀ ਹੈਸੀਅਤ ਨੂੰ ਮਜ਼ਬੂਤ ਕਰਦੀ ਹੈ।"

1857 ਦੀ ਪਹਿਲੀ ਜੰਗੇ ਆਜ਼ਾਦੀ ਦਾ ਘੋਲ ਚਾਹੇ ਕਾਮਯਾਬ ਤਾਂ ਨਾ ਹੋ ਸਕਿਆ ਲੇਕਿਨ ਇਸ ਨੇ ਬਰਤਾਨਵੀ ਬਸਤੀਵਾਦੀ ਹਾਕਮਾਂ ਦੀਆਂ ਜੜ੍ਹਾਂ ਜ਼ਰੂਰ ਹਿਲਾ ਦਿੱਤੀਆਂ। ਬਰਤਾਨਵੀ ਬਸਤੀਵਾਦੀਆਂ ਨੂੰ ਪਿੱਸੂ ਪੈ ਗਏ ਅਤੇ ਉਨ੍ਹਾਂ ਨੇ ਲੋਕਾਂ ਦੇ ਆਪਸੀ ਸੰਬੰਧਾਂ ਵਿਚ ਜ਼ਹਿਰ ਭਰਨ ਲਈ ਨਿਤ ਨਵੇਂ ਝੂਠ ਘੜਨੇ ਅਤੇ ਫੈਲਾਉਣੇ ਸ਼ੂਰੂ ਕਰ ਦਿੱਤੇ। ਉਨ੍ਹਾਂ ਨੇ

ਗੁੰਮਰਾਹਕੁਨ ਪ੍ਰਚਾਰ ਕੀਤਾ ਕਿ ਆਜ਼ਾਦੀ ਦੀ ਪਹਿਲੀ ਜੰਗ ਸਿਰਫ਼ "ਮੁਸਲਮਾਨਾਂ ਦੀ ਬਗਾਵਤ" ਸੀ ਜਿਸ ਵਿਚ ਹਿੰਦੂਆਂ ਤੇ ਸਿੱਖਾਂ ਨੇ ਕੋਈ ਹਿਸਾ ਨਹੀਂ ਲਿਆ। ਉਨ੍ਹਾਂ ਨੇ ਸਿੱਖਾਂ ਨੂੰ ਇਕ "ਮਾਰਸ਼ਲ ਕੌਮ" ਦੱਸਦਿਆਂ ਹੋਇਆ ਕਿਹਾ ਕਿ ਹਿੰਦੁਸਤਾਨ ਦੀਆਂ "ਮਾਰਸ਼ਲ ਕੌਮਾਂ" ਉਨ੍ਹਾਂ ਦੀਆਂ ਵਫ਼ਾਦਾਰ ਸਨ। ਅੰਗਰੇਜ਼ਾਂ ਨੇ ਦਿੱਲੀ ਦੀ ਸਾਰੀ ਮੁਸਲਮਾਨ ਵਸੋਂ ਨੂੰ ਦਿੱਲੀ ਵਿਚੋਂ ਬਾਹਰ ਕੱਢ ਦਿੱਤਾ ਅਤੇ ਬਗਾਵਤ ਖ਼ਤਮ ਹੋਣ ਜਾਣ ਦੇ ਦੋ ਸਾਲ ਬੀਤ ਜਾਣ ਮਗਰੋਂ ਹੀ ਮੁਸਲਮਾਨਾਂ ਨੂੰ ਮੁੜ ਕੇ ਦਿਲੀ ਆਉਣ ਦਿੱਤਾ ਗਿਆ। ਅੰਗਰੇਜ਼ਾਂ ਦੇ ਕੂੜ੍ਹ ਪ੍ਰਚਾਰ ਸਦਕਾ ਸਮੁੱਚੀ ਮੁਸਲਮਾਨ ਵਸੋਂ ਨੂੰ ਹਿੰਦੁਸਤਾਨੀ ਤਾਰੀਖ਼ ਦੇ ਸਭ ਤੋਂ ਭਿਆਨਕ ਕਤਲੇਆਮ ਦਾ ਸਾਹਮਣਾ ਕਰਨਾ ਪਿਆ ਤੇ ਇਸ ਕਤਲੇਆਮ ਦਾ ਵਹਿਸ਼ੀਪੁਣਾ ਨਾਦਰਸ਼ਾਹ ਦੇ ਜ਼ੁਲਮਾਂ ਨੂੰ ਵੀ ਮਾਤ ਕਰ ਗਿਆ। ਇਹ ਕਤਲੇਆਮ ਬਰਤਾਨਵੀ ਬਸਤੀਵਾਦੀਆਂ ਦੇ ਦੇਸੀ ਸਹਿਯੋਗੀਆਂ ਦੀ ਹਮਾਇਤ ਨਾਲ ਜਥੇਬੰਦ ਕੀਤਾ ਗਿਆ ਜੋ ਮੁੱਖ ਤੌਰ ਤੇ ਵਪਾਰੀ ਤੇ ਦੁਕਾਨਦਾਰ ਸਨ ਤੇ ਜਿਨ੍ਹਾਂ ਦਾ ਧਰਮ ਆਮ ਤੌਰ ਤੇ ਹਿੰਦੂ ਸੀ। ਇਹਦੇ ਨਾਲ ਨਾਲ ਅੰਗਰੇਜ਼ਾਂ ਨੇ ਪਟਿਆਲਾ, ਜੀਂਦ, ਨਾਭਾ, ਕਪੂਰਥਲਾ ਅਤੇ ਫ਼ਰੀਦਕੋਟ ਦੇ ਮਹਾਰਾਜਿਆਂ ਦੀਆਂ ਵਾਗਾਂ ਖੁੱਲ੍ਹੀਆਂ ਛੱਡ ਦਿੱਤੀਆਂ ਜਿਨ੍ਹਾਂ ਨੇ ਸਮਾਜ ਦੇ ਗੰਦ-ਮੰਦ ਅਤੇ ਗੁੰਡਿਆਂ ਦੇ ਟੋਲਿਆਂ ਨੂੰ ਇਕੱਠੇ ਕਰਕੇ ਇਹ ਸਾਰਾ ਗੰਦਾ ਕੰਮ ਸਰ-ਅੰਜਾਮ ਦਿੱਤਾ। ਲੋਕਾਂ ਵਿਚ ਭੁਲੇਖੇ ਪਾਉਣ ਲਈ ਅੰਗਰੇਜ਼ ਬਸਤੀਵਾਦੀਏ ਇਨ੍ਹਾਂ ਗੱਦਾਰਾਂ ਅਤੇ ਲੋਕ ਦੁਸ਼ਮਣ ਮਹਾਰਾਜਿਆਂ ਨੂੰ `ਸਿੱਖ` ਦੱਸਦੇ ਸਨ। ਪਰ ਹਕੀਕਤ ਇਹ ਹੈ ਕਿ ਇਹ ਰਾਜੇ ਮਹਾਰਾਜੇ ਮੁਲਕ ਦੇ ਗੱਦਾਰ ਅਤੇ ਅੰਗਰੇਜ਼ਾਂ ਦੇ ਭਗਤ ਸਨ ਚਾਹੇ ਇਨ੍ਹਾਂ ਦਾ ਧਰਮ ਕੋਈ ਵੀ ਰਿਹਾ ਹੋਵੇ ਅਤੇ ਇਹੋ ਜਿਹੀ ਗੱਦਾਰੀ ਸਿਰਫ਼ ਪੰਜਾਬ ਦੇ ਰਾਜਿਆਂ ਨੇ ਹੀ ਨਹੀਂ ਸੀ ਕੀਤੀ ਹਿੰਦੁਸਤਾਨ ਦੇ ਕਈ ਹੋਰ ਰਾਜਿਆਂ ਨੇ ਵੀ ਇਹੋ ਕੰਮ ਕੀਤਾ ਸੀ।

ਤੱਥ ਵਿਖਾਉਂਦੇ ਹਨ ਕਿ ਆਜ਼ਾਦੀ ਦੀ ਪਹਿਲੀ ਜੰਗ ਸਾਰੇ ਹਿੰਦੁਸਤਾਨ ਦੇ ਲੋਕਾਂ ਨੇ ਚਲਾਈ ਸੀ ਚਾਹੇ ਉਨ੍ਹਾਂ ਦਾ ਧਰਮ ਕੋਈ ਵੀ ਸੀ। ਧਰਮਾਂ ਤੋਂ ਉਪਰ ਉਠ ਕੇ ਬਗ਼ਾਵਤ ਦੇ ਆਗੂਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਸੀ ਕਿ ਆਪਣੇ ਧਾਰਮਿਕ ਮੱਤ ਭੇਦਾਂ ਨੂੰ ਭੁੱਲ ਜਾਉ ਤੇ ਇਕ ਉਦੇਸ਼ ਵਾਸਤੇ ਘੋਲ ਕਰੋ! ਬਰਤਾਨਵੀਆਂ ਨੂੰ ਮੁਲਕ ਵਿਚੋਂ ਕੱਢਣ ਲਈ ਘੋਲ ਕਰੋ!। ਹਿੰਦੁਸਤਾਨੀ ਲੋਕਾਂ ਦੇ ਵੱਖ ਵੱਖ ਹਿਸਿਆ ਨੂੰ ਬਦਨਾਮ ਕਰਨ ਤੇ ਆਪਸ ਵਿਚ ਲੜਾਉਣ ਅਤੇ ਉਨ੍ਹਾਂ ਦੀ ਏਕਤਾ ਤੋੜਨ ਲਈ ਬਰਤਾਨਵੀਆਂ ਤੇ ਉਨ੍ਹਾਂ ਦੇ ਝੋਲੀਚੁੱਕਾਂ ਨੇ ਇਕ ਤੋਂ ਬਾਅਦ ਦੂਸਰਾ ਝੂਠ ਘੜਿਆ ਤੇ ਫੈਲਾਇਆ।